**ਦਫਤਰ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ।**
**(ਰਿਣ ਸਾਖਾ-1)**

ਵੱਲ

ਬਰਾਂਚ ਮੈਨੇਜਰ,
ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:
ਸੈਕਟਰ 17 ਚੰਡੀਗੜ੍ਹ ।

ਮੀਮੋ ਨੰ:ਰਸਸ/ਰਿਣ-1/ਸੀ.ਏ 2/80%/ 15673 ਮਿਤੀ/ 15/11/18

ਵਿਸ਼ਾ: ਪ੍ਰਾਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋ 40% ਸਬਸਿਡੀ ਤਹਿਤ ਖਰੀਦ ਕੀਤੇ ਸੰਦਾਂ ਦੀ ਲੋੜੀਂਦੀ ਸਬਸਿਡੀ ਜਾਰੀ ਕਰਨ ਸਬੰਧੀ ।

ਉਪਰੋਕਤ ਵਿਸ਼ੇ ਸਬੰਧੀ ਸੰਯੁਕਤ ਰਜਿਸਟਰਾਰ,ਸਹਿਕਾਰੀ ਸਭਾਵਾਂ,ਜਲੰਧਰ ਵੱਲੋ ਆਪਣੇ ਪੱਤਰ ਨੰਬਰ/ਐਸ.ਈ/1481 ਮਿਤੀ 2-11-18 ਰਾਹੀ ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਵੱਲੋ ਸਰਕਲ ਦੀਆਂ 1 ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਵੱਲੋ In-Situ Management of Crop Residue ਸਕੀਮ ਤਹਿਤ ਖਰੀਦੇ ਗਏ 2 ਸੰਦਾਂ ਤੇ ਸਕੀਮ ਅਨੁਸਾਰ ਬਣਦੀ 40% ਸਬਸਿਡੀ ਜਾਰੀ ਕਰਨ ਲਈ ਇਸ ਦਫਤਰ ਨੂੰ ਲਿਖਿਆ ਗਿਆ ਹੈ। ਇਸ ਤਜਵੀਜ ਤੇ ਵਿਚਾਰ ਕਰਨ ਉਪਰੰਤ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਦਰਜ 1 ਸਭਾ ਦੀ 40% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ ਸਭਾ ਦੇ ਸਾਹਮਣੇ ਪ੍ਰੋਫਾਰਮੇ ਵਿਚ ਦਰਜ ਮੈਨੂਫੈਕਚਰਾਂ/ਡੀਲਰਾਂ/ਸਭਾ ਦੇ ਖਾਤੇ ਵਿੱਚ ਟਰਾਂਸਫਰ ਕੀਤੀ ਜਾਵੇ । ਇਸ ਸਭਾ ਦੀ 2 ਸੰਦਾਂ ਦੀ ਸਬਸਿਡੀ ਦੀ ਕੁੱਲ ਰਕਮ RKVY ਸਕੀਮ ਦੇ ਉਪਬੰਧਾਂ ਅਨੁਸਾਰ ਮੁਬ: 6,00,000/- (ਛੇ ਲੱਖ) ਰੁਪੈ ਬਣਦੀ ਹੈ। ਇਹ ਰਕਮ ਇਸ ਦਫਤਰ ਵੱਲੋ ਖੋਲੇ ਗਏ ਸੇਵਿੰਗ ਖਾਤਾ ਨੰ:000234003100001 ਵਿੱਚੋ ਟਰਾਂਸਫਰ ਕੀਤੀ ਜਾਵੇ।

ਇਹ ਪੱਤਰ ਰ.ਸ.ਸ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ ।

ਨੱਥੀ/ਉਕਤ ਅਨੁਸਾਰ

ਸ/ਰ ਸੰਯੁਕਤ ਰਜਿਸਟਰਾਰ (1)
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ:ਰਸਸ/ਰਿਣ-1/ 15674-75 ਮਿਤੀ/ 15/11/18

ਉਪਰੋਕਤ ਦਾ ਉਤਾਰਾ:-

1. ਸੰਯੁਕਤ ਰਜਿਸਟਰਾਰ,ਸਹਿਕਾਰੀ ਸਭਾਵਾਂ, ਜਲੰਧਰ ਨੂੰ ਉਨਾਂ ਦੇ ਪੱਤਰ ਨੰਬਰ/ਐਸ.ਈ/1481 ਮਿਤੀ 2-11-18 ਦੇ ਹਵਾਲੇ ਵਿਚ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਰਾਸੀ ਰਲੀਜ ਹੋਣ ਸਬੰਧੀ ਸਬੰਧਤ ਡੀਲਰਾਂ/ਮੈਨੂਫੈਕਚਰਾਂ/ਸਭਾਵਾਂ ਆਦਿ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
2. ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਇੰਨਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ ।

ਸ/ਰ ਸੰਯੁਕਤ ਰਜਿਸਟਰਾਰ (1)
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ੍ਹ।

ਨੰਬਰ/ ਪਲਾਨ ਸਹਾਇਕ / ਸੰ.ਰ.ਜ / 1481 ਮਿਤੀ 2/11/18

ਵਲੋਂ

ਸੰਯੁਕਤ ਰਜਿਸਟਰਾਰ
ਸਹਿਕਾਰੀ ਸਭਾਵਾਂ ਜਲੰਧਰ ਮੰਡਲ ਜਲੰਧਰ ।

ਸੇਵਾ ਵਿਖੇ

ਰਜਿਸਟਰਾਰ
ਸਹਿਕਾਰੀ ਸਭਾਵਾਂ ਪੰਜਾਬ
ਚੰਡੀਗੜ੍ਹ ।(ਰਿਣ-1 ਸ਼ਾਖਾ)

RKVY ਸਕੀਮ

ਵਿਸ਼ਾ :- **ਪ੍ਰਾਇਮਰੀ ਖੇਤੀਬਾੜੀ / ਬਹੁਮੰਤਵੀ ਸਹਿਕਾਰੀ ਸਭਾਵਾਂ ਵਲੋਂ 40% ਸਬਸਿਡੀ ਤਹਿਤ ਖਰੀਦ ਕੀਤੇ ਸੰਦਾ ਦੀ ਸਬਸਿਡੀ ਦੇ ਕਲੇਮ ਕੇਸ ਭੇਜਣ ਸੰਬੰਧੀ ।**

ਯਾਦ ਪੱਤਰ :-

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਆਪ ਜੀ ਦੇ ਦਫਤਰ ਦੇ ਮੀਮੋ ਨੰਬਰ / ਰਸਸ / ਰਿਣ-1 /ਸੀਏ-2/590 ਮਿਤੀ 26/07/2018 ਅਤੇ ਮੀਮੋ ਨੰਬਰ / ਰਸਸ / ਰਿਣ-1 /ਸੀਏ-2/10402 ਮਿਤੀ 07/08/2018 ਰਾਂਹੀ ਇਸ ਡਵੀਜਨ ਦੀਆਂ ਪ੍ਰਾਇਮਰੀ ਖੇਤੀਬਾੜੀ / ਬਹੁਮੰਤਵੀ ਸਹਿਕਾਰੀ ਸਭਾਵਾਂ ਨੂੰ 40% ਸਬਸਿਡੀ ਤਹਿਤ ਸੰਦ ਖਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ । ਜਿਸ ਦੇ ਤਹਿਤ ਜਿਲ੍ਹਾ ਅੰਮ੍ਰਿਤਸਰ ਦੀਆ 01 ਸਭਾਵਾਂ ਦੇ ਕੁੱਲ 02 ਸੰਦਾਂ ਦੀ ਖਰੀਦ ਕਰਨ ਉਪਰੰਤ ਮੁਬਲਗ 627200/- ਰੁਪੈ ਸਬਸਿਡੀ ਦੇ ਕੇਸ ਤਿਆਰ ਕਰਕੇ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਅੰਮ੍ਰਿਤਸਰ ਜੀ ਵਲੋਂ ਇਸ ਦਫਤਰ ਨੂੰ ਸਬਸਿਡੀ ਰਲੀਜ਼ ਕਰਨ ਲਈ ਭੇਜੇ ਗਏ ਹਨ, ਜੋ ਕਿ ਇਸ ਪੱਤਰ ਨਾਲ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾਂ ਹੈ ਕਿ ਸਬਸਿਡੀ ਰਲੀਜ਼ ਕਰਨ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਇਹਨਾਂ ਕੇਸਾਂ ਵਿਚ ਹਦਾਇਤਾਂ ਅਨੁਸਾਰ ਅਗਲੀ ਲੋੜੀਦੀ ਕਾਰਵਾਈ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ।

ਨੱਥੀ :- ਉਕਤ ਅਨੁਸਾਰ ਸਬਸਿਡੀ ਕੇਸ

ਸੰਯੁਕਤ ਰਜਿਸਟਰਾਰ
ਸਹਿਕਾਰੀ ਸਭਾਵਾਂ ਜਲੰਧਰ ਮੰਡਲ ਜਲੰਧਰ

## RKVY ਸਕੀਮ ਤਹਿਤ ਸਬਸਿਡੀ ਦੇ ਕੇਸਾਂ ਸਬੰਧੀ ਵੇਰਵਾ ਸਰਕਲ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਅੰਮ੍ਰਿਤਸਰ।

| ਲੜੀ ਨੰ: | ਸਭਾ ਦਾ ਨਾਮ | ਸੰਦਾਂ ਦੇ ਨਾਮ (ਬਿਲ ਨੰਬਰ ਤੇ ਮਿਤੀ | | | | | ਸਭਾ ਵੱਲੋਂ ਖਰੀਦ ਕੀਤੇ ਸੰਦਾਂ ਦੀ ਕੀਮਤ (ਪ੍ਰਤੀ ਸੰਦ) | ਕੁੱਲ ਕੀਮਤ | 40% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ | ਲਾਭਪਾਤਰੀ/ ਫਰਮ ਦਾ ਨਾਮ | ਖਾਤਾ ਨੰਬਰ | ਆਈ.ਐਫ.ਸੀਕੋਡ | ਬੈਂਕ ਅਤੇ ਸ਼ਾਖਾ ਦਾ ਨਾਮ |
|---|---|---|---|---|---|---|---|---|---|---|---|---|---|
| | | ਸੰਦਾਂ ਦੇ ਨਾਮ | ਬਿਲ ਨੰਬਰ | ਮਿਤੀ | ਪ੍ਰਵਾਨਤ ਮੈਨੂਫੈਕਚਰ/ ਡੀਲਰ ਦਾ ਨਾਮ | ਸੰਦਾਂ ਦੀ ਗਿਣਤੀ | | | | | | | |
| 1 | ਤਲਵੰਡੀ ਡੋਗਰਾ ਬਹੁਮੰਤਵੀ ਸਹਿਕਾਰੀ ਸਭਾ ਲਿਮ: | ਟਰੈਕਟਰ ਐਚ.ਪੀ.75 | 215 | 31-8-18 | ਵਰਪਾਲ ਪ੍ਰੀਮੀਅਰ ਮੋਟਰਜ/ਸ਼ਕਤੀਮਾਨ | 1 | 1200000 | 1200000 | 480000 | ਦੀ ਤਲਵੰਡੀ ਡੋਗਰਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. | 01193400 2000013 | UTIB0SASR01 | ਦੀ ਅੰਮ੍ਰਿਤਸਰ ਸੈਂਟਰਲ ਕੋਆਪਰੇਟਿਵ ਬੈਂਕ,ਫਤਿਹਪੁਰ ਰਾਜਪੂਤਾਂ |
| | | ਟਰ ਲੀ: ਸਮੇਤ ਅਸੈਸਰੀ | 120 | 23-10-18 | ਤਾਰਾ ਸਿੰਘ ਐਗਰੋ ਇੰਟ. | 1 | 368000 | 368000 | 147200 | ਦੀ ਤਲਵੰਡੀ ਡੋਗਰਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. | 01193400 2000013 | UTIB0SASR01 | ਦੀ ਅੰਮ੍ਰਿਤਸਰ ਸੈਂਟਰਲ ਕੋਆਪਰੇਟਿਵ ਬੈਂਕ,ਫਤਿਹਪੁਰ ਰਾਜਪੂਤਾਂ |

ਡਿਪਟੀ ਰਜਿਸਟਰਾਰ
ਸਹਿਕਾਰੀ ਸਭਾਵਾਂ, ਅੰਮ੍ਰਿਤਸਰ